AQA

# GCSE
# PANJABI

F

Foundation Tier  Paper 1  Listening Test Transcript

Monday 10 June 2019  Morning  Time allowed: 35 minutes approximately (including 5 minutes' reading time before the test)

**FOR INVIGILATOR'S USE ONLY**

- **The pauses are pre-recorded for this test.**

This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer **all** the questions in the spaces provided. Do not write outside the box around each page or on blank pages.
- Write neatly and put down **all** the information you are asked to give.
- Ask any questions now. **You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the recording has started, the Invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the Invigilator should pause the recording until the questions have been answered. The recording should then be restarted.

## Section A

Questions and answers in **English**.

**0 1** **F1** ਮੈਂ ਆਪਣੇ ਵਿਹਲੇ ਸਮੇਂ ਵਿੱਚ ਤੈਰਨਾ ਪਸੰਦ ਕਰਦੀ ਹਾਂ।

**0 2** **M1** ਮੈਂ ਤਾਂ ਵਿਹਲੇ ਸਮੇਂ ਵਿੱਚ ਨਵੇਂ ਨਵੇਂ ਗਾਣੇ ਸੁਣਦਾ ਹਾਂ।

**0 3** **F1** ਮੈਂ ਸਾਇੰਸ ਪੜ੍ਹਨੀ ਪਸੰਦ ਕਰਦੀ ਹਾਂ ਪਰ ਮੇਰਾ ਮਨਪਸੰਦ ਵਿਸ਼ਾ ਅੰਗਰੇਜ਼ੀ ਹੈ ਕਿਉਂਕਿ ਮੇਰਾ ਅਧਿਆਪਕ ਬਹੁਤ ਚੰਗਾ ਹੈ।

**0 4** **F2** ਮੇਰੇ ਪਿਤਾ ਜੀ ਦੂਜਿਆਂ ਦੀ ਮਦਦ ਕਰਨਾ ਪਸੰਦ ਕਰਦੇ ਹਨ।

**0 5** **F2** ਮੇਰੇ ਮਾਤਾ ਜੀ ਮੈਨੂੰ ਮੇਰੀਆਂ ਸਹੇਲੀਆਂ ਨਾਲ ਬਾਹਰ ਨਹੀਂ ਜਾਣ ਦਿੰਦੇ।

**0 6** **F2** ਮੇਰੀ ਭੈਣ ਆਪਣੀਆਂ ਸਹੇਲੀਆਂ ਨਾਲ ਸਮਾਂ ਬਿਤਾ ਕੇ ਬਹੁਤ ਖੁਸ਼ ਹੁੰਦੀ ਹੈ।

**0 7** **F1** ਮੇਰੀ ਸਹੇਲੀ ਰੀਨਾ ਦਾ ਜਨਮ ਦਿਨ ਪਿਛਲੇ ਐਤਵਾਰ ਸੀ ਪਰ ਅਸੀਂ ਜਨਮ ਦਿਨ ਸੋਮਵਾਰ ਨੂੰ ਮਨਾਇਆ ਸੀ।

**0 8** **F1** ਅਸੀਂ ਸਾਰੀਆਂ ਸਹੇਲੀਆਂ ਸਮੁੰਦਰ ਦੇ ਕੰਢੇ ਗਈਆਂ ਅਤੇ ਉੱਥੇ ਅਸੀਂ ਮੱਛੀ-ਚਿਪਸ ਖਾਧੇ।

**0 9** **F1** ਅਸੀਂ ਉਸ ਨੂੰ ਤੋਹਫੇ ਲਈ ਪਰਫਿਊਮ ਲੈ ਕੇ ਦੇਣਾ ਚਾਹੁੰਦੇ ਸੀ ਪਰ ਅਖੀਰ ਵਿੱਚ ਇੱਕ ਘੜੀ ਲੈ ਕੇ ਦਿੱਤੀ।

**1 0** **M1** ਸਾਡਾ ਸਟੋਰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 8 ਵਜੇ ਤੱਕ ਖੁੱਲ੍ਹਦਾ ਹੈ। ਨਵੇਂ ਗਾਹਕਾਂ ਨੂੰ ਔਨਲਾਈਨ ਸ਼ੌਪਿੰਗ ਕਰਨ ਤੇ 5% ਛੋਟ ਮਿਲੇਗੀ।

**1 1** **M1** ਮੈਨੂੰ ਆਪਣਾ ਸ਼ਹਿਰ ਪਸੰਦ ਹੈ ਕਿਉਂਕਿ ਇੱਥੇ ਬਹੁਤ ਸ਼ਾਂਤੀ ਹੈ। ਇੱਥੇ ਕਈ ਪੁਰਾਣੀਆਂ ਇਮਾਰਤਾਂ ਅਤੇ ਬੱਚਿਆਂ ਦੇ ਖੇਡਣ ਲਈ ਪਾਰਕ ਹਨ ਪਰ ਮੈਨੂੰ ਇਹ ਗੱਲ ਚੰਗੀ ਨਹੀਂ ਲਗਦੀ ਕਿ ਸੜਕਾਂ ਤੇ ਕੂੜਾ ਬਹੁਤ ਹੈ ਅਤੇ ਪਾਰਕਿੰਗ ਲਈ ਥਾਂਵਾਂ ਬਹੁਤ ਘੱਟ ਹਨ।

**1 2** **M1** ਹਰਲੀਨ, ਤੁਸੀਂ ਸਿਹਤਮੰਦ ਰਹਿਣ ਲਈ ਕੀ ਕਰਦੇ ਹੋ?

**F1** ਮੈਂ ਹਫਤੇ ਵਿੱਚ ਦੋ ਵਾਰ ਤੈਰਨ ਜਾਂਦੀ ਹਾਂ ਅਤੇ ਕਦੇ ਕਦੇ ਸ਼ਾਮ ਨੂੰ ਪਾਰਕ ਵਿੱਚ ਦੌੜਨ ਜਾਂਦੀ ਹਾਂ ਪਰ ਮੈਂ ਆਪਣੀ ਸਿਹਤ ਚੰਗੀ ਰੱਖਣ ਲਈ ਹਰ ਰੋਜ਼ ਸਵੇਰ ਨੂੰ ਸੈਰ ਕਰਨ ਵੀ ਜਾਂਦੀ ਹਾਂ।

**M1** ਤੁਸੀਂ ਸਿਹਤਮੰਦ ਰਹਿਣ ਲਈ ਆਪਣੇ ਖਾਣ ਦੀਆਂ ਕਿਹੜੀਆਂ ਆਦਤਾਂ ਬਦਲਣਾ ਚਾਹੋਗੇ ਅਤੇ ਕਿਉਂ?

**F1** ਮੈਂ ਤਲੀਆਂ ਚੀਜ਼ਾਂ ਘੱਟ ਖਾਵਾਂਗੀ ਅਤੇ ਉਬਲੀਆਂ ਸਬਜ਼ੀਆਂ ਜ਼ਿਆਦਾ ਖਾਵਾਂਗੀ ਕਿਉਂਕਿ ਮੈਂ ਪਤਲੀ ਰਹਿਣਾ ਚਾਹੁੰਦੀ ਹਾਂ।

**1 3** **F1** ਸਤਿ ਸ੍ਰੀ ਅਕਾਲ ਜੀ, ਦਿੱਲੀ ਜਾਣ ਵਾਲੀ ਸ਼ਤਾਬਦੀ ਰੇਲ-ਗੱਡੀ ਅੱਧਾ ਘੰਟਾ ਲੇਟ ਹੈ।

**1 4** **F1** ਧੁੰਦ ਪੈਣ ਕਰਕੇ ਰੇਲ-ਗੱਡੀ ਦੇਰ ਨਾਲ ਆਵੇਗੀ।

**1 5** **F1** ਯਾਤਰੀਆਂ ਨੂੰ ਬੇਨਤੀ ਹੈ ਕਿ ਉਹ ਉਡੀਕ ਘਰ ਵਿੱਚ ਬੈਠ ਕੇ ਗੱਡੀ ਦੀ ਉਡੀਕ ਕਰਨ ਅਤੇ ਪਲੇਟ ਫਾਰਮ ਤੇ ਖੜ੍ਹੇ ਨਾ ਹੋਣ।

**1 6** **F1** ਬਲਜੋਤ ਜੀ, ਇਹ ਦੱਸੋ ਕਿ ਤੁਸੀਂ ਇੰਟਰਨੈੱਟ ਨੂੰ ਸਕੂਲ ਦੇ ਕੰਮ ਲਈ ਵਰਤਣਾ ਕਿਉਂ ਚੰਗਾ ਨਹੀਂ ਸਮਝਦੇ?

**M1** ਗੁਰਲੀਨ ਜੀ, ਜਿਹੜੇ ਵਿਦਿਆਰਥੀ ਵਿਦੇਸ਼ੀ ਭਾਸ਼ਾਵਾਂ ਸਿੱਖਦੇ ਹਨ ਉਹ ਔਨਲਾਈਨ ਡਿਕਸ਼ਨਰੀ ਵਰਤਦੇ ਹਨ ਪਰ ਜ਼ਿਆਦਾਤਰ ਸ਼ਬਦ ਗਲਤ ਚੁਣ ਲੈਂਦੇ ਹਨ। ਦੂਜੀ ਗੱਲ, ਜਿਹੜੀਆਂ ਵੈਬਸਾਈਟਾਂ ਸਾਰਾ ਕੁਝ ਟਰਾਂਸਲੇਟ ਕਰ ਦਿੰਦੀਆਂ ਹਨ ਉਨ੍ਹਾਂ ਤੋਂ ਵਿਦਿਆਰਥੀ ਕੁਝ ਸਿੱਖੇ ਬਗੈਰ ਹੀ ਨਕਲ ਮਾਰ ਲੈਂਦੇ ਹਨ।

**1 7** **M1** ਗੁਰਲੀਨ ਜੀ, ਤੁਹਾਡੇ ਇੰਟਰਨੈੱਟ ਨੂੰ ਸਕੂਲ ਵਿੱਚ ਵਰਤਣ ਬਾਰੇ ਕੀ ਵਿਚਾਰ ਹਨ?

**F1** ਬਲਜੋਤ ਜੀ, ਮੈਂ ਤਾਂ ਇਹ ਸਮਝਦੀ ਹਾਂ ਕਿ ਸਕੂਲ ਵਿੱਚ ਇੰਟਰਨੈੱਟ ਵਰਤਣਾ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਹੁਤ ਹੀ ਫਾਇਦੇਮੰਦ ਹੈ ਕਿਉਂਕਿ ਅਧਿਆਪਕ ਵਿਦਿਆਰਥੀਆਂ ਨੂੰ ਕਲਾਸਰੂਮ ਵਿੱਚ ਮੌਜੂਦਾ ਘਟਨਾਵਾਂ ਬਾਰੇ ਯੂ ਟਿਊਬ ਵਰਤ ਕੇ ਬਹੁਤ ਸਾਰੇ ਵਿਸ਼ਿਆਂ ਤੇ ਵਧੀਆ ਤਰੀਕੇ ਨਾਲ ਪੜ੍ਹਾ ਸਕਦੇ ਹਨ।

**1 8** **F1** ਮੇਰਾ ਨਾਂ ਰੀਟਾ ਹੈ। ਮੈਂ ਜਨਮ ਤੋਂ ਹੀ ਮੀਟ, ਮੱਛੀ ਅਤੇ ਆਂਡੇ ਨਹੀਂ ਖਾਧੇ ਕਿਉਂਕਿ ਮੈਨੂੰ ਸੁਆਦ ਨਹੀਂ ਲਗਦੇ। ਮੇਰੇ ਮਾਤਾ ਪਿਤਾ ਜੀ ਵੀ ਸ਼ਾਕਾਹਾਰੀ ਹਨ ਕਿਉਂਕਿ ਉਹ ਇਹ ਪਸੰਦ ਨਹੀਂ ਕਰਦੇ ਕਿ ਮੀਟ ਲਈ ਪਾਲਣ ਵਾਲੇ ਜਾਨਵਰਾਂ ਨੂੰ ਤੰਗ ਥਾਂਵਾਂ ਤੇ ਬੰਦ ਕਰਕੇ ਰੱਖਿਆ ਜਾਂਦਾ ਹੈ। ਮਨਜੋਤ, ਕੀ ਤੁਸੀਂ ਵੀ ਸ਼ਾਕਾਹਾਰੀ ਹੋ?

**M1** ਨਹੀਂ ਰੀਟਾ, ਮੈਂ ਕਦੇ ਕਦੇ ਮੀਟ ਖਾ ਲੈਂਦਾ ਹਾਂ ਅਤੇ ਮੈਂ ਮੱਛੀ ਹਫਤੇ ਵਿੱਚ ਦੋ ਤਿੰਨ ਵਾਰੀ ਖਾ ਲੈਂਦਾ ਹਾਂ ਪਰ ਮੈਂ ਆਂਡੇ ਘੱਟ ਹੀ ਖਾਂਦਾ ਹਾਂ।

**1 9** **M1** ਜਦੋਂ ਮੈਂ ਛੁੱਟੀਆਂ ਤੇ ਜਾਂਦਾ ਹਾਂ ਮੈਨੂੰ ਕੈਮਰਾ ਲੈ ਕੇ ਜਾਣ ਦੀ ਲੋੜ ਨਹੀਂ ਕਿਉਂਕਿ ਮੈਂ ਮੋਬਾਇਲ ਫੋਨ ਵਰਤ ਸਕਦਾ ਹਾਂ।

**2 0** **F1** ਮੈਂ ਮੋਬਾਇਲ ਫੋਨ ਦੀ ਇਹ ਗੱਲ ਬਹੁਤ ਪਸੰਦ ਕਰਦੀ ਹਾਂ ਕਿ ਜਦੋਂ ਤੁਸੀਂ ਕਿਸੇ ਨਾਲ ਗੱਲ ਕਰਦੇ ਹੋ ਤਾਂ ਉਸ ਨੂੰ ਦੇਖ ਵੀ ਸਕਦੇ ਹੋ।

**2 1** **M2** ਮੋਬਾਇਲ ਫੋਨ ਮੇਰੀ ਜ਼ਿੰਦਗੀ ਦਾ ਬਹੁਤ ਜ਼ਰੂਰੀ ਹਿੱਸਾ ਬਣ ਗਿਆ ਹੈ ਕਿਉਂਕਿ ਇਸ ਤੋਂ ਮੈਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਘਰੋਂ ਜਾਣ ਵੇਲੇ ਛਤਰੀ ਨਾਲ ਲੈ ਕੇ ਜਾਣੀ ਚਾਹੀਦੀ ਹੈ ਕਿ ਨਹੀਂ।

**2 2** **F2** ਮੋਬਾਇਲ ਫੋਨ ਨਵੀਆਂ ਥਾਂਵਾਂ ਦੇ ਰਸਤੇ ਲੱਭਣ ਲਈ ਬਹੁਤ ਲਾਭਦਾਇਕ ਹੈ।

**2 3** **M1** ਮੈਂ ਮੋਬਾਇਲ ਫੋਨ ਤੋਂ ਬਗੈਰ ਨਹੀਂ ਰਹਿ ਸਕਦਾ ਕਿਉਂਕਿ ਮੈਂ ਫੋਨ ਨਵੇਂ ਨਵੇਂ ਗਾਣੇ ਸੁਣਨ ਅਤੇ ਖਰੀਦਾਰੀ ਕਰਨ ਵਾਸਤੇ ਵਰਤਦਾ ਹਾਂ।

## Section B

Questions and answers in **Panjabi**.

**2 4** **M1** ਮੈਂ ਆਪਣੇ ਸਕੂਲ ਵਿੱਚ ਕਰਿਕਟ ਖੇਡਣਾ ਬਹੁਤ ਪਸੰਦ ਕਰਦਾ ਹਾਂ ਕਿਉਂਕਿ ਮੈਚ ਕਾਫੀ ਦੇਰ ਤੱਕ ਚਲਦਾ ਰਹਿੰਦਾ ਹੈ। ਮਨਦੀਪ, ਤੁਸੀਂ ਕਿਹੜੀ ਖੇਡ ਖੇਡਣਾ ਪਸੰਦ ਕਰਦੇ ਹੋ ?

**2 5** **M2** ਮੈਨੂੰ ਤਾਂ ਫੁਟਬਾਲ ਖੇਡਣਾ ਪਸੰਦ ਹੈ ਕਿਉਂਕਿ ਇਸ ਵਿੱਚ ਜਲਦੀ ਜਲਦੀ ਦੌੜਨਾ ਪੈਂਦਾ ਹੈ।

**2 6** **M1** ਅਗਲੇ ਸੋਮਵਾਰ ਲੰਡਨ ਵਿੱਚ ਇੱਕ ਚੈਰਿਟੀ ਸ਼ੋਅ ਹੋ ਰਿਹਾ ਹੈ ਜਿਸ ਵਿੱਚ ਬਹੁਤ ਮਸ਼ਹੂਰ ਕਲਾਕਾਰ ਹਿੱਸਾ ਲੈ ਰਹੇ ਹਨ। ਇਸ ਸ਼ੋਅ ਤੋਂ ਇਕੱਠੇ ਕੀਤੇ ਪੈਸੇ ਜਾਨਵਰਾਂ ਨੂੰ ਬਚਾਉਣ ਲਈ ਦਾਨ ਕੀਤੇ ਜਾਣਗੇ। ਇਸ ਸ਼ੋਅ ਦੀ ਟਿਕਟ ਵੀਹ ਪੌਂਡ ਹੋਵੇਗੀ ਅਤੇ ਲੋਕਾਂ ਲਈ ਪੰਜਾਬੀ ਰੈਸਟੋਰੈਂਟ ਵਾਲੇ ਖਾਣਾ ਮੁਫਤ ਦੇਣਗੇ।

**2 7** **M2** ਸੁਰਜੀਤ ਬਹੁਤ ਮਸ਼ਹੂਰ ਗਾਇਕ ਹੈ। ਉਸ ਦੀ ਆਵਾਜ਼ ਬਹੁਤ ਮਿੱਠੀ ਅਤੇ ਗਾਣਿਆਂ ਵਿੱਚ ਮਨੋਰੰਜਨ ਤੋਂ ਇਲਾਵਾ ਬਹੁਤ ਕੁਝ ਸਿੱਖਣ ਲਈ ਮਿਲਦਾ ਹੈ ਜਿਵੇਂ ਕਿ ਪੰਜਾਬੀ ਰਹਿਣ ਸਹਿਣ ਅਤੇ ਪੰਜਾਬੀ ਬੋਲੀ ਬਾਰੇ ਜਾਣਕਾਰੀ। ਬੱਚੇ ਅਤੇ ਵੱਡੇ ਸਾਰਿਆਂ ਨੂੰ ਹੀ ਸੁਰਜੀਤ ਦੇ ਗੀਤ ਬਹੁਤ ਚੰਗੇ ਲਗਦੇ ਹਨ ਕਿਉਂਕਿ ਉਹ ਆਪਣੇ ਗੀਤਾਂ ਰਾਹੀਂ ਨਸ਼ਿਆਂ ਵਰਗੀਆਂ ਮੁਸ਼ਕਲਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਤੋਂ ਡਰਦਾ ਨਹੀਂ ਹੈ।

**2 8** **M1** ਬਲਜੀਤ, ਤੁਹਾਡੇ ਕੀ ਸ਼ੌਕ ਹਨ ?

**F1** ਮੈਂ ਆਪਣੇ ਵਿਹਲੇ ਸਮੇਂ ਵਿੱਚ ਕਿਤਾਬਾਂ ਪੜ੍ਹਨਾ ਪਸੰਦ ਕਰਦੀ ਹਾਂ।

**2 9** **M1** ਦੂਜਿਆਂ ਦੇ ਮੁਕਾਬਲੇ ਤੁਹਾਡੇ ਵਿੱਚ ਕਿਹੜੀ ਖਾਸ ਯੋਗਤਾ ਹੈ ਜਿਸ ਕਰਕੇ ਅਸੀਂ ਤੁਹਾਨੂੰ ਇਸ ਨੌਕਰੀ ਲਈ ਚੁਣੀਏ ?

**F1** ਮੈਨੂੰ ਪੰਜਾਬੀ ਬੋਲਣੀ,ਪੜ੍ਹਨੀ ਅਤੇ ਲਿਖਣੀ ਆਉਂਦੀ ਹੈ ਅਤੇ ਮੈਂ ਗਾਹਕਾਂ ਨਾਲ ਬਹੁਤ ਜਲਦੀ ਦੋਸਤਾਨਾ ਸਬੰਧ ਬਣਾ ਸਕਦੀ ਹਾਂ।

**END OF TEST**

**Copyright information**

For confidentiality purposes, from the November 2015 examination series, acknowledgements of third-party copyright material are published in a separate booklet rather than including them on the examination paper or support materials. This booklet is published after each examination series and is available for free download from www.aqa.org.uk after the live examination series.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team, AQA, Stag Hill House, Guildford, GU2 7XJ.

Copyright © 2019 AQA and its licensors. All rights reserved.